**ਦਫਤਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ**
**Office of the Deputy Commissioner-cum-Distt. Magistrate, Faridkot**
**(ਫੁਟਕਲ ਸ਼ਾਖਾ)**

**ਹੁਕਮ ਨੰ: 394 /ਫਸ**

ਭਾਰਤ ਸਰਕਾਰ ਵੱਲੋਂ ਕੋਰੋਨਾ ਵਾਇਰਸ ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਜਿਸ ਕਰਕੇ ਦੇਸ਼ ਭਰ ਵਿੱਚ ਲਾਕਡਾਊਨ ਹੋਣ ਉਪਰੰਤ ਜਿਲ੍ਹਾ ਫਰੀਦਕੋਟ ਦੇ ਕਈ ਯਾਤਰੀ/ਵਿਦਿਆਰਥੀ/ਲੇਬਰ ਆਦਿ ਬਾਹਰਲੇ ਸੂਬੇ ਜਿਵੇਂ ਕਿ ਸ੍ਰੀ ਹਜ਼ੂਰ ਸਾਹਿਬ ਨਾਂਦੇੜ/ਕੋਟਾ ਰਾਜਿਸਥਾਨ ਵਿੱਚ ਫਸੀ ਹੋਈ ਸੀ ਅਤੇ ਬਾਅਦ ਵਿੱਚ ਉਹ ਵੱਖ ਵੱਖ ਸਾਧਨਾਂ ਰਾਂਹੀ ਪੰਜਾਬ ਰਾਜ ਵਿੱਚੋ ਜਿਲ੍ਹਾ ਫਰੀਦਕੋਟ ਵਿੱਚ ਆਪਣੇ ਪਿੰਡਾਂ/ਸ਼ਹਿਰਾਂ ਵਿੱਚ ਆ ਵਸੀ ਹੈ ਜਾਂ ਆ ਰਹੀ ਹੈ। ਇੰਨ੍ਹਾਂ ਯਾਤਰੀਆਂ/ਵਿਦਿਆਰਥੀਆਂ/ਲੇਬਰ ਆਦਿ ਨੂੰ ਬਾਹਰਲੇ ਸੂਬਿਆਂ ਵਿੱਚੋ ਆਉਣ ਉਪਰੰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ 21 ਦਿਨਾਂ ਲਈ ਇਕਾਂਤਵਾਸ ਸੈਂਟਰਾਂ ਵਿੱਚ ਰੱਖਿਆ ਜਾਣਾ ਹੈ।

ਇਸ ਮੰਤਵ ਲਈ ਇਸ ਦਫਤਰ ਵੱਲੋ ਹੁਕਮ ਨੰ:383/ਫਸ ਮਿਤੀ 30-04-2020 ਰਾਂਹੀ ਜਿਲ੍ਹਾ ਫਰੀਦਕੋਟ ਅੰਦਰ ਉਪ ਮੰਡਲ ਵਾਈਜ਼ ਹੇਠ ਲਿਖੇ ਸਕੂਲਾਂ ਦੀਆਂ ਬਿਲਡਿੰਗਾਂ ਨੂੰ ਘੋਸ਼ਿਤ ਕੀਤੇ ਗਏ ਇਕਾਂਤਵਾਸ ਸੈਂਟਰਾਂ ਦੇ ਹੁਕਮਾਂ ਵਿੱਚ ਹੇਠ ਲਿਖੇ ਅਨੁਸਾਰ ਤਬਦੀਲੀ ਕੀਤੀ ਜਾਂਦੀ ਹੈ:-

**ਉਪ ਮੰਡਲ, ਕੋਟਕਪੂਰਾ:-**

| ਲੜੀ ਨੰ: | ਇਕਾਂਤਵਾਸ ਸੈਂਟਰ ਦਾ ਨਾਮ (ਸਕੂਲ) | ਨਿਯੁਕਤ ਅਧਿਕਾਰੀ ਦਾ ਅਹੁੱਦਾ |
|---|---|---|
| 1) | ਸਦਾ ਰਾਮ ਸੀਨੀਅਰ ਸੈਕੰਡਰੀ ਸਕੂਲ, ਕੋਟਕਪੂਰਾ | ਸ੍ਰੀ ਲਾਲ ਚੰਦ ਪ੍ਰਿੰਸੀਪਲ, ਆਈ.ਟੀ.ਆਈ.(ਲੜਕੀਆਂ), ਕੋਟਕਪੂਰਾ |

**ਉਪ ਮੰਡਲ, ਫਰੀਦਕੋਟ :-**

| ਲੜੀ ਨੰ: | ਇਕਾਂਤਵਾਸ ਸੈਂਟਰ ਦਾ ਨਾਮ (ਸਕੂਲ) | ਨਿਯੁਕਤ ਅਧਿਕਾਰੀ ਦਾ ਅਹੁੱਦਾ |
|---|---|---|
| 1) | ਦਿੱਲੀ ਇੰਟਰਨੈਸ਼ਨਲ ਪਬਲਿਕ ਸਕੂਲ, ਫਰੀਦਕੋਟ | ਸ੍ਰੀ ਗੁਰਮੀਤ ਸਿੰਘ, ਜਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ, ਫਰੀਦਕੋਟ |

ਇਹ ਹੁਕਮ ਤੁਰੰਤ ਪ੍ਰਭਾਵੀ ਅਸਰ ਸਹਿਤ ਲਾਗੂ ਹੋਣਗੇ।

ਮਿਤੀ: 01-05-2020

(ਕੁਮਾਰ ਸੌਰਭ ਰਾਜ) ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

ਜ਼ਿਲ੍ਹਾ ਮੈਜਿਸਟਰੇਟ, ਫਰੀਦਕੋਟ

ਪਿੱ:ਅੰ:ਨੰ: 2398 /ਫਸ-ਫਕ-2 ਮਿਤੀ 01-05-2020
ਉਪਰੋਕਤ ਦਾ ਉਤਾਰਾ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ
2. ਸਪੈਸ਼ਲ ਮੁੱਖ ਸਕੱਤਰ ਪੰਜਾਬ ਸਰਕਾਰ, ਮਾਲ ਪੁਨਰਵਾਸ ਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਚੰਡੀਗੜ੍ਹ
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਚੰਡੀਗੜ੍ਹ
4. ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ
5. ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
6. ਉਪ ਮੰਡਲ ਮੈਜਿਸਟਰੇਟ, ਫਰੀਦਕੋਟ ਅਤੇ ਜੈਤੋ
7. ਸਿਵਲ ਸਰਜਨ, ਫਰੀਦਕੋਟ
8. ਉਪ ਕਪਤਾਨ ਪੁਲਿਸ, ਫਰੀਦਕੋਟ ਅਤੇ ਕੋਟਕਪੂਰਾ
9. ਸੀਨੀਅਰ ਮੈਡੀਕਲ ਅਫ਼ਸਰ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
10. ਸਕੱਤਰ ਮਾਰਕਿਟ ਕਮੇਟੀ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
11. ਤਹਿਸੀਲਦਾਰ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
12. ਸਬੰਧਤ ਅਧਿਕਾਰੀਆਂ

ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner